1. ਪੰਜਾਬੀ ਭਾਸ਼ਾ ਵਿੱਚ ਕਿੰਨੀਆਂ ਸਵਰ ਧੁਨੀਆਂ ਹਨ :
A) ਤਿੰਨ B) ਦਸ C) ਪੈਂਤੀ D) ਚਾਲੀ

2. ਪੰਜਾਬੀ ਵਿੱਚ ਲਘੂ ਸਵਰ ਕਿਹੜੇ ਹਨ :
A) ਆ, ਈ, ਊ B) ਔ,, ਐ, ਆ C) ਈ, ਊ, ਔ D) ਅ, ਇ, ਉ

3. ਪੰਜਾਬੀ ਵਿੱਚ ਵਿਅੰਜਨ ਧੁਨੀਆਂ ਕਿੰਨੀਆਂ ਹਨ :
A) 29 B) 35 C) 26 D) 52

4. ਪੰਜਾਬੀ ਵਿੱਚ ਹੋਠੀ ਧੁਨੀਆਂ ਹਨ :
A) ਚ, ਠ, ਜ B) ਟ, ਠ, ਡ C) ਪ, ਫ, ਬ D) ਕ, ਖ, ਗ

5. 'ਅਤੇ' ਸ਼ਬਦ ਕਿਸ ਸ਼ਬਦ-ਸ਼੍ਰੇਣੀ ਨਾਲ ਸੰਬੰਧ ਰੱਖਦਾ ਹੈ
A) ਪੜਨਾਂਵ B) ਯੋਜਕ C) ਵਿਸਮਕ D) ਸੰਬੰਧਕ

6. ਇਨ੍ਹਾਂ ਵਿਚੋਂ ਅਕਰਮਿਕ ਕਿਰਿਆ ਵਾਲਾ ਵਾਕ ਕਿਹੜਾ ਹੈ
A) ਕਾਂ ਉਡਦਾ ਹੈ. B) ਰਾਮ ਅਖਬਾਰ ਪੜ੍ਹਦਾ ਹੈ.
C) ਸ਼ਾਮ ਫੁੱਟਬਾਲ ਖੇਡਦਾ ਹੈ. D) ਚੇਤਨ ਰੋਟੀ ਖਾਂਦਾ ਹੈ.

7. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿੱਪੀ ਵਧੇਰੇ ਉਚਿਤ ਹੈ
A) ਰੋਮਨ B) ਦੇਵਨਾਗਰੀ C) ਗੁਰਮੁਖੀ D) ਟਾਕਰੀ

8. ਵੇਦਾਂ ਦੀ ਗਿਣਤੀ ਹੈ
A) ਛੇ B) ਚਾਰ C) ਅਠਾਰਾਂ D) ਬਵੰਜਾ

9. 'ਕਲਮਾ' ਦਾ ਸੰਬੰਧ ਕਿਸ ਧਰਮ ਨਾਲ ਹੈ
A) ਬੁੱਧ ਮੱਤ B) ਈਸਾਈ ਮੱਤ C) ਜੈਨ ਮੱਤ D) ਇਸਲਾਮ

10. 'ਰਮਾਇਣ' ਦੀ ਰਚਨਾ ਕਰਨ ਵਾਲਾ ਪਹਿਲਾ ਰਿਸ਼ੀ ਹੈ
A) ਵਿਸ਼ਵਾਮਿੱਤਰ B) ਦੁਰਬਾਸ਼ਾ ਰਿਸ਼ੀ C) ਰਿਸ਼ੀ ਵਾਲਮੀਕ D) ਰਿਸ਼ੀ ਵੇਦ ਵਿਆਸ

11. ਉਲਪਿੰਕ ਖੇਡਾਂ ਦੀ ਸ਼ੁਰੂਆਤ ਕਿਸ ਦੇਸ਼ ਤੋਂ ਹੋਈ
A) ਯੂਨਾਨ B) ਮਿਸਰ C) ਸਪੇਨ D) ਇਟਲੀ

12. ਕਿਸ ਭਾਰਤੀ ਖਿਡਾਰੀ ਨੂੰ 'ਹਾਕੀ ਦਾ ਜਾਦੂਗਰ' ਕਿਹਾ ਜਾਂਦਾ ਹੈ
A) ਬਲਵੀਰ ਸਿੰਘ (ਰੇਲਵੇ ਵਾਲਾ) B) ਅਜੀਤ ਪਾਲ ਸਿੰਘ
C) ਮੇਜਰ ਧਿਆਨ ਚੰਦ D) ਕਿਸ਼ਨ ਲਾਲ

13. 1857 ਦੇ ਗਦਰ ਦਾ ਨਾਇਕ ਕੌਣ ਸੀ
A) ਮਹਾਤਮਾ ਗਾਂਧੀ B) ਮੰਗਲ ਪਾਂਡੇ C) ਬਿਰਸਾ ਮੁੰਡਾ D) ਭਾਈ ਮਹਾਰਾਜ ਸਿੰਘ

14. 'ਇੰਡੀਅਨ ਨੈਸ਼ਨਲ ਕਾਂਗਰਸ' ਦੀ ਸਥਾਪਨਾ ਕਦੋਂ ਹੋਈ
A) 1849 ਈ. B) 1857 ਈ. C) 1872 ਈ. D) 1885 ਈ.

15. ਜਰਨਲ ਓ. ਡਾਇਰ ਨੂੰ ਮਾਰਨ ਵਾਲੇ ਦੇਸ਼ ਭਗਤ ਦਾ ਨਾਮ ਹੈ

A) ਭਗਤ ਸਿੰਘ B) ਕਰਤਾਰ ਸਿੰਘ ਸਰਾਭਾ C) ਊਧਮ ਸਿੰਘ D) ਰਾਜਗੁਰੂ

16. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ

A) ਸਾਈਂ ਮੀਆਂ ਮੀਰ B) ਭਾਈ ਗੁਰਦਾਸ C) ਬਾਬਾ ਬੁੱਢਾ D) ਭਾਈ ਮਨੀ ਸਿੰਘ

17. 1699 ਈ. ਦਾ ਸਿੱਖ ਧਰਮ ਵਿੱਚ ਕੀ ਮੱਹਤਵ ਹੈ

A) ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ B) ਖਾਲਸਾ ਪੰਥ ਦੀ ਸਾਜਨਾ

C) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ D) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼

18. 'ਅਜੀਤ' ਅਖ਼ਬਾਰ ਦਾ ਸੰਪਾਦਕ ਕੌਣ ਹੈ.

A) ਜਗਜੀਤ ਸਿੰਘ ਅਨੰਦ B) ਸਿੱਧੂ ਦਮਦਮੀ

C) ਗੁਰਬਚਨ ਭੁੱਲਰ D) ਬਰਜਿੰਦਰ ਸਿੰਘ ਹਮਦਰਦ

19. 'ਚੰਡੀ ਦੀ ਵਾਰ' ਦੀ ਕਥਾ ਦਾ ਮੂਲ ਸਰੋਤ ਕੀ ਹੈ

A) ਰਿਗਵੇਦ B) ਕੱਠ ਉਪਨਿਸ਼ਦ C) ਮਾਰਕੰਡੇ ਪੁਰਾਣ D) ਯਜੁਰਵੇਦ

20. ਪੰਜਾਬੀ ਸੂਬੇ ਦੀ ਸਥਾਪਨਾ ਕਦੋਂ ਹੋਈ :

A) 1849 ਈ. B) 1919 ਈ. C) 1947 ਈ. D) 1966 ਈ.

21. 'ਭੂਮੀ-ਦਾਨ' ਲਹਿਰ ਦਾ ਬਾਨੀ ਕੌਣ ਸੀ

A) ਅਚਾਰੀਆ ਕ੍ਰਿਪਲਾਨੀ B) ਵਿਨੋਬਾ ਭਾਵੇ

C) ਰਾਜਾ ਰਾਮ ਮੋਹਨ ਰਾਇ D) ਰਾਮ ਮਨੋਹਰ ਲੋਹੀਆ

22. ਭਾਰਤ ਦੇ ਮੌਜੂਦਾ ਵਿੱਤ ਮੰਤਰੀ ਹਨ

A) ਸ੍ਰੀ ਨਿਤਿਨ ਗਡਕਰੀ B) ਸ੍ਰੀਮਤੀ ਸ਼ੁਸਮਾ ਸਵਰਾਜ

C) ਸ੍ਰੀ ਅਰੁਣ ਜੇਤਲੀ D) ਸ੍ਰੀ ਰਾਜਨਾਥ ਸਿੰਘ

23. ਪੰਜਾਬ ਦਾ ਅਜੋਕਾ ਉੱਘਾ ਵਾਤਾਵਰਣ ਪ੍ਰੇਮੀ ਹੈ

A) ਸੰਤ ਬਲਜੀਤ ਸਿੰਘ ਦਾਦੂਵਾਲ B) ਡਾ. ਪਿਆਰੇ ਲਾਲ ਗਰਗ

C) ਬੀਬੀ ਇੰਦਰਜੀਤ ਕੌਰ (ਪਿੰਗਲਵਾੜਾ) D) ਸੰਤ ਬਲਵੀਰ ਸਿੰਘ ਸੀਚੇਵਾਲ

24. ਸਮਾਜ-ਸੇਵੀ ਅੰਨਾ ਹਜ਼ਾਰੇ ਦਾ ਸੰਬੰਧ ਕਿਸ ਪ੍ਰਦੇਸ਼ ਨਾਲ ਹੈ

A) ਪੱਛਮੀ ਬੰਗਾਲ B) ਮਹਾਂਰਾਸ਼ਟਰ C) ਤਾਮਿਲਨਾਡੂ D) ਮੱਧ ਪ੍ਰਦੇਸ਼

25. ਪੰਜਾਬੀ ਵਿਚ 2014 ਈ. ਦਾ 'ਸਾਹਿਤਯ ਅਕਾਦੇਮੀ' ਪੁਰਸਕਾਰ ਕਿਸਨੂੰ ਮਿਲਿਆ

A) ਜਸਵਿੰਦਰ ਸਿੰਘ B) ਦਰਸ਼ਨ ਬੁੱਟਰ C) ਡਾ. ਮਨਮੋਹਨ D) ਬਲਦੇਵ ਸਿੰਘ 'ਸੜਕਨਾਮਾ'

26. ਪੰਜਾਬੀ ਭਾਸ਼ਾ ਦੀ ਉਤਪਤੀ ਕਿਸ ਭਾਸ਼ਾ ਵਿਚੋਂ ਹੋਈ
A) ਫ਼ਾਰਸੀ B) ਅਰਬੀ C) ਸੰਸਕ੍ਰਿਤ D) ਲਾਤੀਨੀ

27. ਪੰਜਾਬੀ ਭਾਸ਼ਾ ਦਾ ਸੰਬੰਧ ਕਿਸ ਭਾਸ਼ਾ-ਪਰਿਵਾਰ ਨਾਲ ਹੈ
A) ਹਿੰਦ-ਈਰਾਨੀ B) ਹਿੰਦ-ਯੂਰਪੀ C) ਹਿੰਦ-ਚੀਨੀ D) ਹਿੰਦ-ਜਰਮਨੀ

28. ਲੁਧਿਅਣਾ-ਬਠਿੰਡਾ-ਫਿਰੋਜ਼ਪੁਰ ਜਿਲ੍ਹਿਆਂ ਵਿੱਚ ਬੋਲੀ ਜਾਣ ਵਾਲੀ ਉਪ-ਭਾਸ਼ਾ ਹੈ
A) ਮਾਝੀ B) ਪੋਠੋਹਾਰੀ C) ਦੁਆਬੀ D) ਮਲਵਈ

29. ਸ਼ੇਖ਼ ਫ਼ਰੀਦ ਦੇ ਸਲੋਕ ਕਿਸ ਉਪ-ਭਾਸ਼ਾ ਵਿੱਚ ਹਨ
A) ਲਹਿੰਦੀ (ਮੁਲਤਾਨੀ) B) ਪੁਆਧੀ C) ਪੋਠੋਹਾਰੀ D) ਮਾਝੀ

30. ਜੰਮੂ ਖਿੱਤੇ ਵਿੱਚ ਬੋਲੀ ਜਾਣ ਵਾਲੀ ਪੰਜਾਬੀ ਦੀ ਇਕ ਉਪ-ਭਾਸ਼ਾ ਹੈ
A) ਪਸ਼ਤ B) ਬਾਗੜੀ C) ਦੁਆਬੀ D) ਡੋਗਰੀ

31. ਪੰਜਾਬੀ ਸਾਹਿਤ ਦਾ ਮੁੱਢ ਬੱਝਾ
A) ਫ਼ਰੀਦ ਬਾਣੀ ਨਾਲ B) ਨਾਥ-ਜੋਗੀਆਂ ਦੇ ਸਾਹਿਤ ਨਾਲ
C) ਗੁਰੂ ਨਾਨਕ ਬਾਣੀ ਨਾਲ D) ਦਮੋਦਰ ਰਚਿਤ ਹੀਰ ਨਾਲ

32. ਸ਼ੇਖ਼ ਫ਼ਰੀਦ ਦਾ ਜਨਮ ਕਿਥੇ ਹੋਇਆ
A) ਖੁਰਾਸਨ B) ਪਾਕਪਟਨ C) ਖੋਤਵਾਲ D) ਫਰੀਦਕੋਟ

33. ਸ਼ੇਖ਼ ਫ਼ਰੀਦ ਦਾ ਸੰਬੰਧ ਕਿਸ ਸੂਫ਼ੀ ਸਿਲਸਿਲੇ ਨਾਲ ਹੈ
A) ਚਿਸ਼ਤੀ B) ਕਾਦਰੀ C) ਨਕਸ਼ਬੰਦੀ D) ਸੁਹਰਵਰਦੀ

34. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਫ਼ਰੀਦ ਬਾਣੀ ਹੈ
A) 130 ਸਲੋਕ B) 112 ਸਲੋਕ, ਚਾਰ ਸ਼ਬਦ
C) 130 ਸਲੋਕ, ਚਾਰ ਸ਼ਬਦ D) 130 ਸਲੋਕ, ਇਕ ਬਾਰਾਮਾਂਹ

35. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਰਾਗਾਂ ਵਿੱਚ ਬਾਣੀ ਦਰਜ ਹੈ
A) 17 B) 19 C) 30 D) 31

36. ਇਤਿਹਾਸਕ ਕਾਲ-ਕ੍ਰਮ ਅਨੁਸਾਰ ਪੰਜਾਬੀ ਸੂਫ਼ੀ ਕਵੀਆਂ ਦੇ ਨਾਵਾਂ ਦਾ ਕਿਹੜਾ ਜੁੱਟ ਸਹੀ ਹੈ
A) ਬੁੱਲ੍ਹੇ ਸ਼ਾਹ, ਫ਼ਰੀਦ, ਸ਼ਾਹ ਹੁਸੈਨ B) ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ
C) ਫ਼ਰੀਦ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ D) ਸ਼ਾਹ ਹੁਸੈਨ, ਫ਼ਰੀਦ, ਬੁੱਲ੍ਹੇ ਸ਼ਾਹ

37. ਕਿਸ ਪੰਜਾਬੀ ਸੂਫ਼ੀ ਕਵੀ ਨੇ ਸਭ ਤੋਂ ਪਹਿਲਾਂ 'ਕਾਫ਼ੀ' ਕਾਵਿ-ਰੂਪ ਦੀ ਵਰਤੋਂ ਕੀਤੀ
A) ਅਲੀ ਹੈਦਰ B) ਸੁਲਤਾਨ ਬਾਹ C) ਸ਼ਾਹ ਹੁਸੈਨ D) ਗੁਲਾਮ ਫ਼ਰੀਦ

38. ਕਿਸ ਸੂਫ਼ੀ ਕਵੀ ਨੇ 'ਸੀਹਰਫ਼ੀ' ਕਾਵਿ ਰੂਪ ਵਿੱਚ ਰਚਨਾ ਨਹੀਂ ਕੀਤੀ
A) ਸ਼ਾਹ ਹੁਸੈਨ B) ਸੁਲਤਾਨ ਬਾਹੂ C) ਅਲੀ ਹੈਦਰ D) ਬੁੱਲ੍ਹੇ ਸ਼ਾਹ

39. ਸੂਫ਼ੀ ਮੱਤ ਦਾ ਮੂਲ ਪ੍ਰੇਰਨਾ ਸਰੋਤ ਹੈ
A) ਬੁੱਧ ਮੱਤ B) ਯਹੂਦੀ ਧਰਮ C) ਈਸਾਈ ਮੱਤ D) ਇਸਲਾਮ

40. ਬੁੱਲ੍ਹੇ ਸ਼ਾਹ ਦਾ ਸੰਬੰਧ ਕਿਸ ਸੂਫ਼ੀ ਸਿਲਸਿਲੇ ਨਾਲ ਹੈ

A) ਚਿਸ਼ਤੀ B) ਕਾਦਰੀ C) ਨਕਸ਼ਵੰਦੀ D) ਸੁਹਰਵਰਦੀ

41. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਹੈ

A) 6 B) 10 C) 4 D) 9

42. ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਕਿੰਨੇ ਰਾਗਾਂ ਵਿੱਚ ਹੈ

A) 30 B) 17 C) 19 D) 31

43. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੀਆਂ ਵਾਰਾਂ ਦਰਜ ਹਨ

A) 39 B) 40 C) 22 D) 9

44. 'ਸੁਖਮਨੀ ਸਾਹਿਬ' ਕਿਸ ਗੁਰੂ ਸਾਹਿਬ ਦੀ ਬਾਣੀ ਹੈ

A) ਸ੍ਰੀ ਗੁਰੂ ਅਰਜਨ ਦੇਵ ਜੀ B) ਸ੍ਰੀ ਗੁਰੂ ਨਾਨਕ ਦੇਵ ਜੀ

C) ਸ੍ਰੀ ਗੁਰੂ ਤੇਗ ਬਹਾਦਰ ਜੀ D) ਸ੍ਰੀ ਗੁਰੂ ਗੋਬਿੰਦ ਸਿੰਘ ਜੀ

45. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਭਗਤ ਕਵੀਆਂ ਦੀ ਬਾਣੀ ਸ਼ਾਮਲ ਹੈ

A) 36 B) 11 C) 6 D) 15

46. ਪੰਜਾਬੀ ਦਾ ਮੋਢੀ ਕਿੱਸਾਕਾਰ ਕੌਣ ਹੈ

A) ਵਾਰਿਸ ਸ਼ਾਹ B) ਦਮੋਦਰ C) ਪੀਲੂ D) ਕਾਦਰ ਯਾਰ

47. ਵਾਰਿਸ ਸ਼ਾਹ ਰਚਿਤ ਕਿੱਸਾ ਹੀਰ ਰਾਂਝਾ ਕਿਸ ਛੰਦ ਵਿੱਚ ਹੈ

A) ਦਵੱਯਾ B) ਕਬਿੱਤ C) ਬੈਂਤ D) ਕੋਰੜਾ

48. ਵਾਰਿਸ ਸ਼ਾਹ ਤੋਂ ਪਹਿਲਾਂ ਹੀਰ ਦਾ ਕਿੱਸਾ ਲਿਖਣ ਵਾਲਾ ਕਿੱਸਾਕਾਰ ਹੈ

A) ਮੁਕਬਲ B) ਭਗਵਾਨ ਸਿੰਘ C) ਹਾਸ਼ਮ ਸ਼ਾਹ D) ਕਿਸ਼ਨ ਸਿੰਘ ਆਰਫ਼

49. ਵਾਰਿਸ ਸ਼ਾਹ ਕਿਥੋਂ ਦਾ ਵਸਨੀਕ ਸੀ

A) ਕਸੂਰ B) ਮੁਲਤਾਨ C) ਵਡਾਲਾ ਬੀਰਮ D) ਜੰਡਿਆਲਾ ਸ਼ੇਰ ਖਾਨ

50. ਪੰਜਾਬੀ ਕਾਵਿ-ਰੂਪ 'ਕਿੱਸੇ' ਦਾ ਪ੍ਰੇਰਨਾ ਸ੍ਰੋਤ ਕਿਹੜਾ ਫ਼ਾਰਸੀ ਕਾਵਿ-ਰੂਪ ਹੈ

A) ਸੀਹਰਫ਼ੀ B) ਮਰਸੀਆ C) ਮਸਨਵੀ D) ਕਸੀਦਾ

51. ਕਿਹੜਾ ਕਾਵਿ-ਰੂਪ ਪੰਜਾਬੀ ਦਾ ਮੌਲਿਕ ਕਾਵਿ-ਰੂਪ ਹੈ

A) ਵਾਰ B) ਜੰਗਨਾਮਾ C) ਸੀਹਰਫ਼ੀ D) ਗ਼ਜ਼ਲ

52. 'ਵਾਰ' ਕਾਵਿ-ਰੂਪ ਲਈ ਸਭ ਤੋਂ ਢੁੱਕਵਾਂ ਛੰਦ ਹੈ

A) ਬੈਂਤ B) ਸਿਰਖੰਡੀ C) ਦੱਵਯਾ D) ਸਵੱਯਾ

53. ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕੌਣ ਹੈ

A) ਪ੍ਰੋ. ਮੋਹਨ ਸਿੰਘ B) ਅੰਮ੍ਰਿਤਾ ਪ੍ਰੀਤਮ C) ਪ੍ਰੋ. ਪੂਰਨ ਸਿੰਘ D) ਭਾਈ ਵੀਰ ਸਿੰਘ